ਏ ਪਿਕਚਰ ਬੁੱਕ ਓਫ਼ ਲੁਈ ਬ੍ਰਾਇਲੈ

A Picture book of LOUIS BRAILLE



(ਲੁਈ ਬ੍ਰਾਇਲੈ ਤੇ ਇੱਕ ਚਿਤ੍ਰ ਪੁਸਤਕ)

ਡੇਵਿਡ ਏ ਅੱਡਲਰ

ਚਿਤ੍ਰਕਾਰ : ਜੌੱਨ ਅਤੇ ਅਲੈਗਜ਼ੈਂਡਰਾ ਵਾਲਨੇਰ

ਪੰਜਾਬੀ ਰੂਪਾਂਤਰ :ਰਵਿੰਦਰ ‘ਰਵੀ’

ਏ ਪਿਕਚਰ ਬੁੱਕ ਓਫ਼ ਲੁਈ ਬ੍ਰਾਇਲੈ

A Picture book of LOUIS BRAILLE



ਲੁਈ ਬ੍ਰਾਇਲੈ ਤੇ ਇੱਕ ਚਿਤ੍ਰ ਪੁਸਤਕ

ਡੇਵਿਡ ਏ ਅੱਡਲਰ


, ਚਿਤ੍ਰਕਾਰ : ਜੋੱਨ ਅਤੇ ਅਲੈਗਜ਼ੈਂਡਰਾ ਵਾਲਨੇਰ

ਪੰਜਾਬੀ ਰੂਪਾਂਤਰ :ਰਵਿੰਦਰ 'ਰਵੀ'




ਲੁਈ ਬ੍ਰਾਇਲੈ (Louis Braille) ਦਾ ਜਨਮ 4 ਜਨਵਰੀ , 1809 ਵਿੱਚ ਫਰਾਂਸ ਵਿਖੇ ਪੈਰਿਸ ਦੇ ਨੇੜੇ ਇੱਕ ਛੋਟੇ ਜਿਹੇ ਪਹਾੜੀ ਪਿੰਡ ਕੂਪਰੈ Coupvray) ਵਿੱਚ ਹੋਇਆ ਸੀ। ਲੁਈ ਦੇ ਪਿਤਾ ਸਾਈਮਨ ਰੇਨੇ ਬ੍ਰਾਇਲੈ (Simon Rene Braille) ਘੋੜਿਆਂ ਦੀ ਕਾਠੀ ਬਣਾਉਣ ਦਾ ਕੰਮ ਕਰਦੇ ਸਨ। ਉਸਦੀ ਮਾਂ ਦਾ ਨਾਓਂ ਮੋਨੀਕ ਬੈਰਨ ਬ੍ਰੇਲ (Monique Baron Braille ਸੀ। ਲੁਈ ਉਨ੍ਹਾਂ ਦੇ ਚਾਰ ਬੱਚਿਆਂ ਵਿੱਚ ਸੱਭ ਤੋਂ ਛੋਟਾ ਸੀ।

ਬ੍ਰੇਲ ਪਰਿਵਾਰ , ਤਿੰਨ ਕਮਰਿਆਂ ਵਾਲੇ ਇੱਕ ਪੱਥਰ ਦੇ ਬਣੇ ਮਕਾਨ ਵਿੱਚ ਰਹਿੰਦਾ ਸੀ.। ਉਨ੍ਹਾਂ ਦਾ ਰਾਸ਼ਨ ਉਨ੍ਹਾਂ ਦੇ ਇੱਕ ਛੋਟੇ ਜਿਹੇ ਫਾਰਮ ਅਤੇ ਇੱਕ ਅੰਗੂਰਾਂ ਦੇ ਬਾਗ਼ ਚੋਂ ਆਉਂਦਾ ਸੀ। ਮੈਦਾਨ ਦੇ ਉਸ ਪਾਰ , ਸਾਈਮਨ - ਰੇਨੇ ਦੀ ਦੁਕਾਨ ਸੀ , ਜਿਸ ਵਿੱਚ ਸੀ ਇੱਕ ਵੱਡਾ ਸਾਰਾ ਵਰਕ ਬੈਂਚ ਅਤੇ ਚਮੜੇ ਦੇ ਕਈ ਟੁਕੜੇ , ਮੋਹਲੀਆਂ , ਤਿੱਖੇ ਚਾਕੂ ਅਤੇ ਨੁਕੀਲੀ ਆਰੀਆਂ।   ਆਮਤੌਰ ਤੇ ਜਦੋਂ ਪਿਓ ਕੰਮ ਕਰਦਾ ਹੁੰਦਾ, ਲੁਈ ਚਮੜੇ ਦੇ ਬਚੇ ਖੁਚੇ ਛੋਟੇ –ਛੋਟੇ ਬੇਕਾਰ ਟੁਕੜਿਆਂ ਨਾਲ ਖੇਡਿਆ ਕਰਦਾ।





ਗਰਮੀਆਂ ਦੇ ਇਕ ਦਿਨ , ਜਦੋਂ ਉਸਦੇ ਪਿਤਾ ਇੱਕ ਗ੍ਰਾਹਕ ਦੇ ਨਾਲ ਬਾਹਰ ਗੱਲਬਾਤ ਵਿਚ ਮਸ਼ਗੂਲ ਸਨ ,ਇਹ ਤਿੰਨ ਸਾਲਾਂ ਦਾ ਜੁਆਕ ਲੂਇ, ਦੁਕਾਨ ਦੇ ਅੰਦਰ ਵੜ ਗਿਆ । ਉਸਨੇ ਉੱਥੇ ਔਜ਼ਾਰਾਂ ਵਿਚੋਂ ਇੱਕ ਤੇਜ਼ ਅਤੇ ਨੋਕਦਾਰ ਔਜ਼ਾਰ ਚੁੱਕ ਲਿਆ , ਜਿਹੜਾ ਉਸਨੇ ਆਪਣੇ ਪਿਓ ਨੂੰ ਵਰਤਦਿਆਂ ਕਿੰਨੀ ਹੀ ਵਾਰੀ ਵੇਖਿਆ ਸੀ। ਆਪਣੇ ਪਿਓ ਦੇ ਉਸਨੂੰ ਵਰਤਣ ਕਰਦਿਆਂ ਦੀ ਨਕਲ ਕਰਦਿਆਂ ਉਹ ਉਸ ਨਾਲ ਖੇਡਣ ਲੱਗਾ ਪਿਆ। ਪਰ ਉਹ ਔਜ਼ਾਰ ਉਸਦੇ ਹੱਥੀਂ ਖਿਸਕੱ ਗਿਆ ਤੇ ਉਸਦੀ ਅੱਖ ਵਿੱਚ ਜਾ ਚੁੱਭਿਆ।






ਲੂਈ ਇੱਕਦਮ ਚੀਖ ਪਿਆ। ਮਾਪੇ ਭੱਜਦੇ ਉਸ ਵੱਲ ਆਏ। ਉਨ੍ਹਾਨੇ ਲਹਊ
ਸਾਫ਼ ਕੀਤਾ ਅਤੇ ਅੱਖ ਉੱਤੇ ਪੱਟੀ ਬਨ੍ਹ ਦਿੱਤੀ ।



ਮਾਂ –ਪਿਓ ਲੁਈ ਨੂੰ ਇੱਕ ਬੁੱਢੀ ਔਰਤ ਕੋਲ ਲੈ ਗਏ ਜਿਸਨੂੰ ਲੋਕੀਂ ਡਾਕਟਰ ਮੱਨਦੇ ਸੀ। . ਉਸਨੇ ਜ਼ਖ਼ਮ ਉੱਤੇ ਲਿੱਲੀ ਪਾਣੀ ਪਾਇਆ। ਇਸ ਤੋਂ ਬਾਦ , ਮਾਪੇ ਲੁਈ ਨੂੰ ਇੱਕ ਡਾਕਟਰ ਕੋਲ ਵੀ ਲੈ ਗਏ , ਪਰ ਲੁਈ ਦੀ ਅੱਖ ਬਚਾਉਣ ਲਈ ਕਿਸੇ ਕੋਲ ਵੀ ਕੋਈ ਇਲਾਜ ਨਹੀਂ ਸੀ। ਉਸ ਦੀ ਅੱਖ ਸੰਕਰਮਿਤ੍ ਹੋ ਗਈ ਸੀ। ਅੱਖ ਦੀ ਲਾਗ ਦੂਜੀ ਅੱਖ ਵਿੱਚ ਵੀ ਫੈਲ ਗਈ ਅਤੇ ਕੁਝ ਹੀ ਸਮੇ ਬਾਅਦ ਲੁਈ ਬ੍ਰੇਲ ਅੰਨ੍ਹਾ ਹੋ ਗਿਆ। ਲੁਈ ਨੂੰ ਦੁਬਾਰਾ ਤੋਂ ਆਪਣੇ ਆਪ ਖਾਣਾ ਖਾਣਾ ਅਤੇ ਆਸੇ ਪਾਸੇ ਦੀ ਚੀਜ਼ਾਂ ਨਾਲ ਟਕਰਾਏ ਬਿਨਾਂ ਤੁਰਨਾ ਸਿਖਣਾ ਪਿਆ।

ਲੁਈ ਦੇ ਪਿਓ ਨੇ ਉਸਦੇ ਲਈ ਇਕ ਛੜੀ ਬਣਾ ਦਿੱਤੀ। ਲੁਈ ਚਲਦਿਆਂ ਆਪਣੇ ਅੱਗੋਂ ਸਾਫ਼ ਰਸਤੇ ਦੀ ਪੁਸ਼ਟੀ ਕਰਨ ਵਜੋਂ ਉਸ ਛੜੀ ਨਾਲ ਸਾਹਮਣੇ ਧਰਤੀ ਤੇ ਠੋਕਦਾ।। ਜਦੋਂ ਲੂਈਸ ਕਿਤੇ ਜਾਓਂਦਾਂ ਸੀ ਉਹ ਆਪਣੇ ਕਦਮ ਗਿਣਤੀ ਕਰਦਾ ਅਤੇ ਯਾਦ ਕਰ ਲੈਂਦਾ ..ਕਿ . ਫਿਰ ਪਿੱਛੇ ਵਾਪਸੀ ਦੇ ਲਈ ਉਸਨੂੰ ਕਿੰਨੇ ਸਾਰੇ? ਕਦਮ ਤੁਰਨੇ ਹਨ। ।



ਆਪਣੀ ਪੂਰੀ ਹਨੇਰੀ ਦੁਨੀਆ ਵਿੱਚ ਲੂਈ ਹੁਣ ਆਵਾਜ਼ਾਂ , ਗੰਧਾਂ ਅਤੇ ਚੀਜ਼ਾਂ ਦੇ ਆਕਾਰ ਮਹਸੂਸ ਕਰਨ ਬਾਰੇ ਹੋਰ ਜ਼ਿਆਦਾ ਚੌਕਸ ਹੋ ਗਿਆ ਸੀ। ਤੁਰਦਿਆਂ ਲੋਕਾਂ ਦੀਆਂ ਅਲੱਗ ਅਲੱਗ ਤਰਾਹੰ ਦੀਆਂ ਆਵਾਜ਼ਾਂ ਨੂੰ ਪਛਾਣਨਾ ਉਸਨੇ ਸਿਖ ਲਿਆ ਸੀ। ਜਦੋਂ ਪਥਰੀਲੀ ਸੜਕ ਤੇ ਕੋਈ ਬੱਘੀ ਚਲੀ ਆਉਂਦੀ ਤਾਂ ਉਹ ਉਸਦੀ ਆਵਾਜ਼
ਤੋਂ ਸਮਝ ਜਾਂਦਾ ਕਿ ਕੌਣ ਆ ਰਿਹਾ ਹੈ।

ਸਨ 1800 ਦੀ ਸਦੀ ਦੇ ਸ਼ੁਰੂਆਤ ਵਿੱਚ ਫਰਾਂਸ ਜੰਗ ਵਿੱਚ ਫਸਿਆ ਹੋਇਆ ਸੀ। ਫਰਾਂਸ ਦੇ ਰਾਜਾ ਨੈਪੋਲੀਅਨ ਨੇ ਯੂਰੋਪ ਦੇ ਵਿਰੁੱਧ ਰੂਸ ਵਿੱਚ ਲੜਾਈ ਦੇ ਲਈ ਆਪਣੀ ਫੌਜ ਦੇ ਬਹੁਤ ਵੱਡੇ ਵੱਡੇ ਜੱਥੇ ਭੇਜੇ। ਸ਼ੁਰੂ ਵਿੱਚ ਤਾਂ ਉਹ ਜਿੱਤਦੇ ਰਹੇ ਪਰ ਅੱਗੋਂ 1814 ਵਿੱਚ ਏਹ ਫ੍ਰਾਂਸੀਸੀ ਫੌਜਾਂ ਹਾਰ ਗਈਆਂ ਅਤੇ ਹੁਣ ਉਹ ਛੇਤੀ ਨਾਲ ਪਿਛਾਂ ਨੂੰ ਮੁੜ ਰਹੀਆ ਸਨ ।

ਅਪ੍ਰੈਲ 1814 ਵਿੱਚ ਸ਼ੱਤ੍ਰ ਰੂਸ ਦੇ ਸਿਪਾਹੀਆਂ ਨੇ ਕੋਊਪਵਰੇ ਤੇ ਹਮਲਾ ਬੋਲ ਦਿੱਤਾ ਤੇ ਉੱਥੇ ਉਨ੍ਹਾਂ ਨੇ ਉੱਥੇ ਰਹਿਣ ਅਤੇ ਖਾਣੇ –ਪੀਣੇ ਦੀ ਮੰਗ ਕੀਤੀ । ਅਗਲੇ ਦੋ ਸਾਲਾਂ ਤੱਕ ਬਹੁਤ ਸਾਰੇ ਰੂਸੀ ਸਿਪਾਹੀ ਬ੍ਰੇਲ ਦੇ ਘਰੋਂ ਦੀ ਲੰਘਦੇ ਰਹੇ। ਜੁੰਆਕ ਲੁਈ ਲਈ ਉਨ੍ਹਾਂ ਦੇ ਨਾਲ ਰਹਿਣਾ, ਜਿਨ੍ਹਾਂ ਨੂੰ ਨਾਂਹ ਉਹ ਵੇਖ ਸਕਦਾ ਸੀ ਅਤੇ ਨਾਂ ਹੀ ਸਮਝ ਸਕਦਾ ,ਜ਼ਰੂਰ ਡਰਾਉਣਾ ਰਿਹਾ ਹੋਵੇਗਾ।





ਸਨ 1815 ਵਿੱਚ ਕੋਊਪਵਰੇ ਵਿੱਚ ਇੱਕ ਨਵਾਂ ਪਾਦਰੀ ਜੈਕਸ ਪਾਲਉਏ ਆ ਗਿਆ। ਉਹ ਲੁਈ ਦਾ ਪਹਿਲਾ ਗੁਰੂ ਬਣ ਗਿਆ। ਉਸਨੇ ਲੁਈ ਨੂੰ ਬਾਈਬਲ ਸਿਖਾਈ। ਉਸਨੇ ਓਹਨੂੰ ਜਾਨਵਰਾਂ ਨੂੰ ਉਨ੍ਹਾਂ ਦੀ ਆਵਾਜ਼ਾਂ ਅਤੇ ਫੁੱਲਾਂ ਨੂੰ ਉਨ੍ਹਾਂ ਦੀ ਖੁਸ਼ਬੂ ਤੋਂ ਪਛਾਣਨਾ ਸਿਖਾਇਆ।






ਲੂਈ ਦੇ ਪਿਤਾ ਨੇ ਅੱਖਰ ਉਲੀਕਣ ਲਈ ਗੱਦਿਆਂ ਦੇ ਕੰਮ ਵਿੱਚ ਇਸਤੇਮਾਲ ਹੋਣ ਵਾਲੀਆਂ ਗੋਲ ਸਿਰ ਵਾਲੀ ਕਿੱਲਾ ਨੂੰ ਇੱਕ ਲੱਕੜ ਦੇ ਬੋਰਡ ਤੇ ਠੋਕ ਲਿਆ । ਲੂਈ ਨੇ ਕਿੱਲਾਂ ਦੇ ਸਿਰ ਨੂੰ ਛੂਹ ਕੇ ਮੱਹਸੂਸ ਕਰਦਿਆਂ ਵਰਣਮਾਲਾ ਸਿੱਖੀ। ਫਿਰ ਉਸਦੇ ਪਿਤਾ ਨੇ ਉਸਨੂੰ ਅੱਖਰਾਂ ਨੂੰ ਜੋੜਕੇ ਸ਼ਬਦ ਬਣੌਣਾ ਸਿਖਾਇਆ।

ਅਗਲਾ ਸਾਲ ਇੱਕ ਨਵਾਂ ਸਕੂਲ ਮਾਸਟਰ , ਐਂਟਨੀ ਬੇਚੇਰੇਟ , ਕੂਪਰੈ ਵਿੱਚ ਆ ਗਿਆ । ਉਨ੍ਹਾਂ ਦਿਨਾਂ “ਚ ਇੱਕ ਅਨ੍ਹੇ ਬੱਚੇ ਦਾ ਸਕੂਲ ਜਾਣਾ ਇੱਕ ਅਸਾਧਾਰਨ ਗੱਲ ਸੀ ਪਰ ਲੂਈ ਖਾਸ ਤੌਰ ਤੇ ਹੁਸ਼ਿਆਰ ਸੀ ਸਮਾਰਟ ਸੀ , ਅਤੇ ਐਂਟਨੀ ਬੇਚੇਰੇਟ ਉਸਨੂੰ ਸਿਖਾਉਣਾ ਲਈ ਉਤਸੁਕ ਸੀ ।

ਲੂਈ ਸਿਰਫ਼ ਸੁਣਨ ਰਾਹੀਂ ਹੀ ਸਿਖ ਸਕਦਾ ਸੀ। ਉਹ ਦੂਜੇ ਬੱਚਿਆਂ ਦੀ ਤਰ੍ਹਾਂ ਕਿਤਾਬਾਂ ਨੂੰ ਪੜ੍ਹ ਨਹੀਂ ਸੀ । ਹਾਲਾਂਕਿ , ਉਸਦੀ ਯਾਦਾਸ਼ਤ ਚੰਗੀ ਸੀ ਅਤੇ ਓਹ ਇੱਕ ਸ਼ਾਨਦਾਰ ਵਿਦਯਾਰਥੀ ਸੀ।







ਫਰਵਰੀ 1819 ਵਿੱਚ ਲੁਈ ਨੂੰ ਪੈਰਿਸ ਵਿਖੇ ਨੈਸ਼ਨਲ ਇੰਸਟੀਟਯੂਟ ਫ਼ੋਰ੍ ਬਲਾਇੰਡ ਚਿਲਡ੍ਰੇਨ(ਨੇਤ੍ਰਹੀਨ ਬੱਚਿਆਂ ਲਈ ਰਾਸ਼ਟਰੀ ਸੰਸਥਾਨ) ਵਿੱਚ ਰਹਿਣ ਅਤੇ ਪੜ੍ਹਾਈ ਕਰਨ ਲਈ ਭੇਜਿਆ ਗਿਆ। ।ਇਹ   ਨੇਤ੍ਰਹੀਨ ਬੱਚਿਆਂ ਲਈ ਦੁਨੀਆ ਦਾ ਪਹਿਲਾ ਸਕੂਲ ਸੀ, ਜਿਸਦੀ ਸਥਾਪਨਾ ਸਨ 1784 ਵਿੱਚ ਵੈਲੇਨਟਿਨ(Valentin) ਨੇ ਕੀਤੀ ਸੀ।

ਜਦੋਂ ਲੂਈ ਸਕੂਲ ਵਿੱਚ ਆਇਆ ਇਹ ਸਕੂਲ ਇੱਕ ਧੁੰਦਲੀ ਜਿਹੀ ਪੰਜ ਮੰਜ਼ਿਲੀ ਇਮਾਰਤ ਸੀ ਜਿਸਦੀਆਂ ਖਿੜਕੀਆਂ ਵਿੱਚ ਲੋਹੇ ਦੀਆਂ ਸਲਾਖਾਂ ਲੱਗੀਆਂ ਹੋਈਆਂ ਸਨ। ਇਸ ਤੋਂ ਤੀਹ ਸਾਲ ਪਹਿਲਾਂ ਫ੍ਰਾਂਸੀਸੀ ਕ੍ਰਾਂਤਿ ਦੇ ਦੌਰਾਨ, ਇਹ ਇਮਾਰਤ ਇੱਕ ਜੇਲ੍ਹ ਹੋਇਆ ਕਰਦੀ ਸੀ। ਲੂਈ ਬ੍ਰਾਇਲੇ ਨੇ ਆਪਣੀ ਬਾਕੀ ਜ਼ਿੰਦਗੀ ਭਰ ਇਸ ਸਕੂਲ ਵਿੱਚ ਹੀ ਰਹਿਣਾ ਸੀ।









ੱਥੇ ਸੰਸਥਾਨ ਵਿੱਚ ਲੂਈ ਵਾਸਤੇ ਪੜ੍ਹਨ ਲਈ ਕਿਤਾਬਾਂ ਸਨ। ਉਨ੍ਹਾਂ ਕਿਤਾਬਾਂ ਦੇ ਪੱਨਿਆਂ ਤੇ ਅੱਖਰ ਉੱਭਰੇ ਨ ਜਿਹੜੇ ਉਹ ਮਹੱਸੂਸ ਕਰ ਸਕਦਾ ਸੀ। ਅੱਖਰ ਵੱਡੇ ਸੀ। ਕਿਤਾਬਾਂ ਵੱਡੀਆਂ ਅਤੇ ਭਾਰੀ ਭਰਕਮ ਸਨ। ੱਖਰ ਨੂੰ ਉਂਗਲੀਆਂ ਨਾਲ ਉਲੀਕਣਾ ਇੱਕ ਧੀਮੀ ਪ੍ਰਕਿਰਿਆ ਸੀ। ਉਸਨੂੰ ਅੰਗ੍ਰੇਜ਼ੀ ਅੱਖਰ ਪੀ " P " ਅਤੇ ਆਰ ਨਾਲ ਹੀ ਈ E " ਅਤੇ ਏਫ "F " ਵਿਚ ਫ਼ਰਕ ਕਰਨਾ ਜ਼ਰੂਰੀ ਸੀ। ਪਰ ਆਖਿਰਕਾਰ ਲੂਈ ਪੜ੍ਹ ਰਿਹਾ ਸੀ


ੱਥੇ ਕ੍ਰਾਫਟ ਅਤੇ ਸੰਗੀਤ ਦੀਆਂ ਕਲਾਸਾਂ ਸਨ ਅਤੇ ਨੀਯਮਤ ਤੌਰ ਤੇ ਇਤਿਹਾਸ , ਭੂਗੋਲ , ਗਣਿਤ , ਲਾਤੀਨੀ ਅਤੇ ਵਿਆਕਰਣ ਦੀਆਂ ਕਲਾਸਾਂ ਸਨ। ਲੁਈ ਨੂੰ ਖਾਸ ਤੌਰ ਤੇ ਸੰਗੀਤ ਪਸੰਦ ਸੀ। ਉਸ ਵਿੱਚ ਇਸ ਲਈ ਪ੍ਰਤਿਭਾ ਸੀ ਅਤੇ ਉਸਨੇ ਪਿਆਨੋ , ਓਰਗਨ , ਵਾਇਲਨ ਅਤੇ ਸੈੱਲੋ ਵਜਾਉਣਾ ਸਿੱਖਿਆ।ਸਨ 1834 ਤੋਂ ਰਕੇ ਪੈਰਿਸ ਦੀਆਂ ਕੁੱਝ ਚਰਚਾਂ ਵਿੱਚ ਲੁਈ ਵਾਦਯ ਯੰਤਰ ਵਜਾਇਆ ਕਰਦਾ ਸੀ।



ਸਨ 1821 ਵਿੱਚ ਲੂਈ ਬ੍ਰੇਲ ਨੂੰ ਰਾਤ ਦੀ ਸੋਨੋਗ੍ਰਾਫੀ (ਯਾਨੀ ਕਿ ਜੋ ਕਿ ਉੱਭਰੇ ਹੋਏ ਬਿੰਦੂ ਅਤੇ ਡੈਸ਼ ਦੀ ਕੋਡ ਲਿਪਿ) ਸਿਖਾਈ ਗਈ। ਇਹ ਚਾਰਲਸ ਬਾਰਬੀਅਰ, ਜਿਹੜੇ ਫ੍ਰਾਂਸੀਸੀ ਫੌਜ ਵਿੱਚ ਇੱਕ ਕਪਤਾਨ ਸੀ, ਦੀ ਕਾਢ ਸੀ ਤਾਂ ਜੋ, ਹਨੇਰੇ ਵਿੱਚ ਸਿਪਾਹੀ ਬਿਨਾਂ ਲਾਲਟੈਣ ਜਲਾਏ ਸੰਦੇਸ਼ ਪੜ੍ਹ ਸਕਣ।

ਲੂਇ ਬ੍ਰੇਲ ਸੋਨੋਗ੍ਰਾਫੀ ਤੋਂ ਉਤਸ਼ਾਹਿਤ ਸੀ। . ਉਹ ਇਸ ਨੂੰ ਪੜ੍ਹਨ ਅਤੇ ਲਿਖਣ ਦੇ ਲਈ ਵਰਤੋਂ ਕਰ ਸਕਦਾ ਸੀ , ਪਰ ਜਲਦੀ ਹੀ ਉਸਨੂੰ ਇਸ ਪ੍ਰਣਾਲੀ ਵਿੱਚ ਬਹੁਤ ਸਾਰੀਆਂ ਗਲਤੀਆਂ ਮਿਲੀਆਂ।

ਇਸ ਪ੍ਰਣਾਲੀ ਵਿੱਚ ਇਕੱਲੇ ਇੱਕ ਸ਼ਬਦ ਨੂੰ ਲਿਖਣ ਲਈ ਬਹੁਤ ਸਾਰੇ ਬਿੰਦੂ ਲੋੜੀਂਦਾ ਹੁੰਦੇ। ਅੰਕਾਂ ਅਤੇ ਵਿਰਾਮ ਚਿਨ੍ਹਾਂ ਵਾਸਤੇ ਕੋਈ ਕੋਡ ਨਹੀਂ ਸੀ ਅਤੇ ਇਸ ਵਿੱਚ ਸਨ, ਅੰਕਾਂ ਜਾਂ ਵਿਰਾਮ ਚਿਨ੍ਹ ਲਈ ਕੋਈ ਵੀ ਕੋਡ ਨਹੀਂ ਸੀ । ਸੋਨੋਗ੍ਰਾਫੀ ਇੱਕ ਧੁਨੀਆਤਮਕ ਪ੍ਰਣਾਲੀ ਸੀ ਜਿਸ ਵਿੱਚ ਹਰ ਆਵਾਜ਼ ਲਈ ਤਾਂ ਇਕ ਸੰਕੇਤ ਸੀ ,ਪਰ ਹਰ ਸ਼ਬੱਦ ਵਾਸਤੇ ਨਹੀਂ। ਇਸੇ ਲਈ ਲੂਈ ਇਸ ਪ੍ਰਣਾਲੀ ਨਾਲ ਸਪੈਲਿੰਗ ਨਹੀਂ ਸੀ ਕਰ ਸਕਦਾ।
।





ਲੂਈ ਆਪਣੇ ਕੋਡ ਨਾਲ ਪ੍ਰਯੋਗ ਕਰਨ ਲੱਗ ਪਿਆ। ਓਹ ਇਸ ਉੱਤੇ ਆਪਣੇ ਸਹਪਾਠੀਆਂ ਦੇ ਸੌਣ ਤੋਂ ਬਾਅਦ ਦੇਰ ਰਾਤ ਤਕ ਕੱਮਂ ਕਰਦਾ। ਉਹ ਸਤੇ ਸਵੇਰੇ ਉੱਠਕੇ ਕਲਾਸ ਤੋਂ ਪਹਿਲਾਂ ਵੀ ਇਸਤੇ ਕੱਮ ਕਰਦਾ। 1824 ਵਿੱਚ ਲੂਈ ਬ੍ਰੇਲ ਨੇ ਸਕੂਲ ਦੇ ਪ੍ਰਿੰਸੀਪਲ ਡਾ. ਆਂਦਰੇ ਪਿਗਨੀਅਰ ਅੱਗੇ ਆਪਣੇ ਸਿਸਟਮ ਦੇ ਇੱਕ ਪ੍ਰਦਰਸ਼ਨ ਕੀਤਾ।



ਲੂਈ ਬ੍ਰੇਲ ਦੇ ਕੋਡ ਵਿੱਚ ਡੋਮਿਨੋ(ਇੱਕ ਖੇਡ ਦੀ ਛੱਕਾ ਗੀਟੀ) ਦੀ ਤਰਜ਼ ਤੇ ਉੱਭਰੇ ਤਿੰਨ ਬਿੰਦੂਆਂ ਦੀਆਂ ਦੋ ਲਾਈਨਾਂ ਵਿੱਚ ਵਰਤੋਂ ਕੀਤੀ ਗਈ ਸੀ , ਜਿਵੇਂ ਕਿ ਕੋਈ ਵੀ ਹੁੰਦਾ ਹਾਂ। ਉਸਨੂੰ ਇਸ ਤਰ੍ਹਾਂ ਟ੍ਰੇਸਠ (63)ਵੱਖਰੇ ਸੰਯੋਜਨ ਮਿਲ ਗਏ ਜਿਹੜੇ ਵਰਣਮਾਲਾ ਦੇ ਹਰ ਅੱਖਰ ਲਈ ,ਵਿਰਾਮ ਚਿਨ੍ਹਾਂ ,ਅੰਕਾਂ ਨੂੰ ਅਤੇ ਗਣਿਤ ਦੇ ਸਾਈਨਾਂ ਨੂੰ ਦਰਸ਼ਾਓਣ ਲਈ ਕਾਫ਼ੀ ਸਨ। ਬਾਅਦ ਵਿੱਚ ਉਸਨੇ ਦੇ ਸੰਗੀਤ ਨੋਟਸ ਲਈ ਉਭਰਿਆ ਹੁਈ ਬਿੰਦੀਆਂ ਦੀ ਪ੍ਰਣਾਲੀ ਉੱਨਤ ਕੀਤੀ।

ਬ੍ਰੇਲ ਦੀ ਨਵੀਂ ਪ੍ਰਣਾਲੀ ਸੋਨੋਗ੍ਰਾਫੀ ਦੀ ਤੁਲਨਾ ਵਿੱਚ , ਸਿੱਖਣ ਅਤੇ ਪੜ੍ਹਨ ਵਾਸਤੇ ਬਹੁਤ ਆਸਾਨ ਸੀ।

ਸਨ 1825 ਤੱਕ ਲੂਈ ਬ੍ਰੇਲ ਅਤੇ ਉਸਦੇ ਦੋਸਤ ਗੈਬਰੀਅਲ ਕੋਥੀਅਰ ਨੇ ਲਿਖਣ ਲਈ ਪਹਿਲਾ ਬ੍ਰੇਲ ਬੋਰਡ ਬਣਾ ਲਿਆ ਸੀ। ਹੁਣ ਲੂਈ , ਗੈਬਰੀਅਲ ਅਤੇ ਹੋਰ ਨੇਤ੍ਰ ਹੀਨ ਲੋਕ ਲਿੱਖ ਵੀ ਸਕਦੇ ਸਨ।




1826 ਵਿੱਚ ਲੂਈ ਬ੍ਰੇਲ ਨੂੰ ਰਾਸ਼ਟਰੀ ਸੰਸਥਾਨ ਵਿੱਚ ਇੱਕ ਸਹਾਇਕ ਬਣਾਇਆ ਗਇਆ ਅਤੇ ਦੋ ਸਾਲ ਬਾਅਦ ਪੂਰਾ ਅਧਿਆਪਕ ਬਣਾ ਲਿਆ ਗਇਆ। ਲੂਈ ਗਣਿਤ , ਭੂਗੋਲ , ਵਿਆਕਰਣ ਅਤੇ ਸੰਗੀਤ ਪੜ੍ਹਾਉਂਦਾ ਸੀ। ਜਿੱਥੇ ਬਾਕੀ ਅਧਿਆਪਕ, ਜਿਹੜੇ ਵਿਦਿਆਰਥੀ ਆਪਣਾ ਸਬਕ ਨਹੀਂ ਸਨ ਸਮਝਦੇ ਉਨ੍ਹਾਂ ਨੂੰ ਸਜ਼ਾ ਦੇਂਦੇ ਲੂਈ ਬ੍ਰੇਲ ਹਮੇਸ਼ਾ ਦਿਆਲੂ ਅਤੇ
ਸ੍ਨੇਹੀ ਹੁੰਦਾ ਸੀ।




ਸ਼ੁਰੂ ਸ਼ੁਰੂ ਵਿੱਚ ਵਿੱਚ ਬਹੁਤੇ ਸਨੇਤ੍ਰ ਲੋਕ ਬ੍ਰੇਲ ਦੀ ਨਵੀਂ ਪ੍ਰਣਾਲੀ ਨੂੰ ਚੁਣਨ ਦੇ ਵਿਰੁੱਧ ਸਨ। . ਨਵੀਂ ਪ੍ਰਣਾਲੀ ਅਪਨਾਉਣਾ ਮਹਿੰਗਾ ਹੋਵੇਗਾ। ਇਹਦੇ ਵਾਸਤੇ ਨੇਤ੍ਰਹੀਣਾ ਲਈ ਨਵੀਆਂ ਕਿਤਾਬਾਂ ਤਿਆਰ ਕਰਨੀਆਂ ਪੈਣਗੀਆਂ । ਸਨੇਤ੍ਰ ਲੋਕਾਂ ਨੂੰ ਪੁਰਾਣੇ ਉੱਭਰੇ –ਅੱਖਰ ਵਾਲੀ ਪ੍ਰਣਾਲੀ ਨਾਲ ਕੋਈ ਦਿੱਕਤ ਨਹੀਂ ਸੀ ,ਉਹ ਇਸਨੂੰ ਅਸਾਨੀ ਨਾਲ ਪੜ੍ਹ ਸਕਦੇ ਸਨ ਅਤੇ ਉਹ ਬਦਲਣ ਦੀ ਲੋੜ ਨਹੀਂ ਸਨ ਸਮਝਦੇ।

ਰਾਸ਼ਟਰੀ ਸੰਸਥਾਨ ਹੁਣ ਵੀ ਉੱਭਰੇ ਅੱਖਰਾਂ ਵਾਲਿਆਂ ਕਿਤਾਬਾਂ ਵਰਤਦਾ ਸੀ। ਪਰ ਵਿਦਿਆਰਥੀਆਂ ਨੇ ਆਪਣੇ ਬੱਲ ਬੂਤੇ ਤੇ ਲੂਈ ਦੀ ਨਵੀਂ ਪ੍ਰਣਾਲੀ ਨੂੰ ਅਜ਼ਮਾਇਆ। ਓਨ੍ਹਾਂ ਨੂੰ ਓਹ ਚੰਗੀ ਲੱਗੀ। ਡਾ. ਪਿਗਨੀਅਰ ਇਸ ਨੂੰ ਸਕੂਲ ਵਿੱਚ ਅਪਨਾਓਣਾ ਚਾਹੰਦੇ ਸੀ।। ਉਹ ਇਹ ਮਹਿਸੂਸ ਕਰਦੇ ਸੀ ਕਿ ਫ਼੍ਰਾਂਸ ਵਿਚ ਨੇਤ੍ਰਹੀਨਾ ਲਈ ਇਸਨੂੰ ਲਿਖਣ ਲਈ ਸਰਕਾਰੀ ਕੋਡ ਬਣਾਇਆ ਜਾਵੇ , ਪਰ ਰਾਸ਼ਟਰੀ ਸੰਸਥਾਨ ਦੇ ਡਾਇਰੈਕਟਰ ਇਸਦਾ ਵਿਰੋਧ ਕਰਦੇ ਸਨ। ਸਨ 1840 ਵਿੱਚ , ਜਦੋਂ ਉਨ੍ਹਾਂ ਨੂੰ   ਪਤਾ ਲੱਗਾ ਕਿ ਸਕੂਲ ਵਿੱਚ , ਬ੍ਰੇਲ ਵਿੱਚ ਛਾਪੀਆਂ ਕਿਤਾਬਾਂ ਵਰਤੀਆਂ ਜਾ ਰਹੀਆਂ ਸਨ ਉਨ੍ਹਾਨੇ ਡਾ . ਪਿਗਨੀਅਰ ਨੂੰ ਰਾਸ਼ਟਰੀ ਸੰਸਥਾਨ ਛੱਡ ਦੇਣ te ਮਜਬੂਰ ਕਰ ਦਿੱਤਾ ।

ਸਨੇਤ੍ਰ ਲੋਕ ਬ੍ਰੇਲ ਦੇ ਛੇ - ਬਿੰਦੀਆਂ ਵਾਲੇ ਸਿਸਟਮ ਨੂੰ ਨਹੀਂ ਸੀ ਸਿਖ ਰਹੇ। ਨੇਤ੍ਰਹੀਨ ਉਨ੍ਹਾਂ ਨੂੰ ਕੁੱਝ ਲਿਖ ਨਹੀਂ ਸਨ ਸਕਦੇ । ਇਸ ਲਈ 1839 ਵਿੱਚ ਲੂਈ ਬ੍ਰੇਲ ਨੇ ਇੱਕਨਵੇਂ ਸਿਸਟਮ ਦੀ ਕਾਢ ਕੱਢੀ ਜਿਸ ਦਾ ਨਾਓਂ ਉਸਨੇ ਰੈਫੀਗ੍ਰਾਫੀ (rephigraphy) ਰੱਖਿਆ। ਇਸ ਵਿੱਚ ਉੱਭਰੇ ਬਿੰਦੂਆਂ ਨਾਲ ਅੱਖਰ ਦੇ ਆਕਾਰ ਦੇ ਉਸਾਰੀ ਕੀਤੀ ਜਾਂਦੀ ਸੀ। ਨੇਤ੍ਰਹੀਨ ਲੋਕੀਂ ਉਨ੍ਹਾਂ ਅੱਖਰਾਂ ਨੂੰ ਮਹਿਸੂਸ ਕਰ ਸਕਦੇ ਸਨ ਅਤੇ ਸਨੇਤ੍ਰ ਲੋਕੀਂ ਇਨ੍ਹਾਂ ਅੱਖਰਾਂ ਨੂੰ ਵੇਖ ਸਕਦੇ ਸਨ।






ਜਦੋਂ ਲੂਈ ਬ੍ਰੇਲ ਆਪਣੇ ਕੋਡ ਤੇ ਕੰਮ ਕਰ ਰਿਹਾ ਸੀ ਉਸਨੇ ਪੜ੍ਹਾਉਣਾ ਜਾਰੀ ਰੱਖਿਆ। ਪਰ ਬੜੀ ਵਾਰੀ ਉਸਨੂੰ ਪੜ੍ਹਾਓਣ ਦੇ ਦੌਰਾਨ ਰੁਕਣਾ ਪੈਂਦਾ। ਉਸ ਨੂੰ ਖਾਂਸੀ ਦੇ ਦੌਰੇ ਪੈਂਦੇ ਸਨ। ਸਨ 1835 ਚੜ੍ਹਦਿਆਂ ਚੜ੍ਹਦਿਆਂ ਉਸਦੀ ਇਹ ਖੰਘ , ਟੀ.ਬੀ.(tuberculosis ਟੂਬੇਰਕੁਲੋਸਿਸ) (ਯਾ ਤਪਦਿਕ) ਵਿੱਚ ਵੱਧ ਗਈ, ਜੋ ਕਿ 1800 ਦੀ ਸਦੀ ਵਿੱਚ ਇੱਕ ਘਾਤਕ ਬਿਮਾਰੀ ਸੀ। ਕਈ ਵਾਰੀ ਉਹ ਪੜ੍ਹਾਉਣ ਲਈ ਕਮਜ਼ੋਰੀ ਕਰਕੇ ਅਸਮਰੱਥ ਹੁੰਦਾ। ਅਕਸਰ ਉਹ ਆਪਣੇ ਨਿੱਜੀ ਪਿੰਡ ਕੋਊਪਵਰੇ ਦੀ ਸਵੱਛ ਹਵਾ ਵਿੱਚ ਸਾਹ ਲੈਣ ਅਤੇ ਆਰਾਮ ਕਰਨ ਲਈ ਘਰ ਚਲਾਂ ਜਾਂਦਾ।

ਫਿਰ ,ਸਨ 1851 ਦੇ ਅਖੀਰ ਵਿੱਚ , ਲੂਈ ਬ੍ਰੇਲ ਗੰਭੀਰ ਰੂਪ ਵਿੱਚ ਬੀਮਾਰ ਪੈ ਗਿਆ। ਆਪਣੇ ਬਿਸਤਰ ਤੋਂ ਉਸਨੇ ਦੋਸਤਾਂ ਨੂੰ ਕਿਹਾ ,"ਮੈਨੂ ਯਕੀਨ ਹੈ ,ਧਰਤੀ ਤੇ ਮੇਰਾ ਮੰਤਵ ਪੂਰਾ ਹੋ ਗਿਐ।

ਆਪਣੇ 43 ਵੇਂ ਜਨਮਦਿਨ ਤੋਂ ਇੱਕਦਮ ਬਾਅਦ “6 ਜਨਵਰੀ , 1852 ਨੂੰ ਉਹ ਸ੍ਵਰਗ ਸਿਧਾਰ ਗਿਆ।





ਸਨ 1852 ਵਿੱਚ ਲੂਈ ਬ੍ਰੇਲ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਜ਼ਿਆਦਾ ਗਯਾਨ ਨਹੀਂ ਸੀ। , ਪਰ ਸਦੀ ਦੀ ਸਮਾਪਤੀ ਤੱਕ ,ਸਿਰਫ਼ " ਬ੍ਰੇਲ " ਦੇ ਨਾਂਵ ਤੋਂ ਹੀ ਜਾਣਿਆ ਜਾਣ ਵਾਲਾ ਉਸਦਾ ਛੇ ਬਿੰਦੀਆਂ ਵਾਲਾ ਕੋਡ , ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਲਾਗੂ ਕੀਤਾ ਜਾ ਚੁੱਕਾ ਸੀ ਅਤੇ ਦੁਨੀਆ ਭਰ ਵਿੱਚ ਇਹ ਵਰਤਿਆ ਜਾਂਦਾ ਸੀ ।

ਹੈਲਨ ਕੈਲਰ ਨੇ, ਜੋ ਅੱਖੋਂ ਅਨ੍ਹੀਂ ਅਤੇ ਕੱਨੋਂ ਬਹਰੀ ਸੀ, ਲੂਈ ਬ੍ਰੇਲ "ਨੂੰ ਇੱਕ ਰੱਬ ਜਿੱਨੇ ਹੌਸਲੇ ਵਾਲਾ ਤੇ ਸੋਨੇ ਦੇ ਦਿਲ ਵਾਲਾ ਮਹਾ ਪੁਰਖ ਮਨੁੱਖ ਦੱਸਿਆ ਹੈ। ਉਸਨੇ ਲਿਖਿਆ ਹੈ ਕਿ "ਬ੍ਰੇਲ ਨੇ ਮੇਰੇ ਲਈ ਪੜ੍ਹਨਾ ਇੱਕ ਆਨੰਦਦਾਇਕ ਰੁਝਾਨ ਬਣਾ ਦਿੱਤਾ । ਮੇਰੇ ਚੁਤਰਫ਼ੇ ..ਦੁਨੀਆ ਤਾਜ਼ੇ ਖਜਾਨਿਆਂ ਤੋਂ ਚਮਕ ਉੱਠੀ ਹੈ ," ਉਸਨੇ ਅੱਗੇ ਲਿਖਿਆ ਕਿ, " ਲੂਈਸ ਬ੍ਰੇਲ ਨੇ ਲੱਖਾਂ ਇੰਦਰੀਆਂ ਤੋਂ ਅੱਪਾਹਿਜ ਮਨੁੱਖਾਂ ਵਾਸਤੇ ਬੇਤਹਾਸ਼ਾ ਹਨੇਰੇ ਤੋਂ ਸਦੀਵੀ ਮਾਨਸ ਵੱਲ ਚੜ੍ਹਨ ਲਈ ਇੱਕ ਵੱਡੀ ਤੇ ਪੱਕੀ ਪੌੜੀ ਬਣਾਈ ਹੈ।"




ਲੇਖਕ ਦੇ ਨੋਟ

ਵਰਤਮਾਨ ਸਮੇਂ ਠੀਕ ਇਲਾਜ ਨਾਲ ਲੁਈ ਬ੍ਰੇਲ ਅੱਖ ਦੇ ਜ਼ਖਮ ਕਰਕੇ ਅੰਨ੍ਹਾ ਨਾਂਹ ਹੁੰਦਾ। ਅੱਜ ਲੂਈ ਬ੍ਰੇਲ ਨੂੰ ਮਾਰਨ ਵਾਲੀ ਬਿਮਾਰੀ ਟੀ ਬੀ ਦੇ ਸਫ਼ਲ ਇਲਾਜ ਵਾਸਤੇ ਬਹੁਤ ਸਾਰੀਆਂ ਦਵਾਈਆਂ ਉਪਲਬ ਹਨ। .

ਲੂਈ ਬ੍ਰੇਲ ਨੇ ਸੱਭ ਤੋਂ ਪਹਿਲਾ ਬਿੰਦੂ (.)ਅਤੇ ਡੈਸ਼ (-) ਨਾਲ ਪ੍ਰਯੋਗ ਕੀਤਾ। ਜਦੋਂ ਉਸ ਵੇਖਿਆ ਕਿ ਬਿੰਦੀਆਂ ਨੂੰ ਮਹਿਸੂਸ ਕਰਨਾ ਜ਼ਯਾਦਾ ਆਸਾਨ ਸੀ , ਉਸਨੇ ਡੈਸ਼ ਨੂੰ ਛੱਡ ਦਿੱਤਾ।

1952 ਵਿੱਚ , ਲੂਈ ਬ੍ਰੇਲ ਦੀ ਮੌਤ ਦੀ ਸੌਵੀਂ ਵਰ੍ਹੇਗੰਢ ਤੇ ਉਨ੍ਹਾਂ ਦੀਆਂ ਅਸਥੀਆਂ ਨੂੰ ਪੈਰਿਸ ਵਿੱਚ ਪੈਂਥੀਓਨ (Pantheon) ਨਾਉਂ ਦੀ ਜਗਹ ਤੇ ਫ਼੍ਰਾਂਸ ਦੇ ਹੋਰ ਮਹਾਨ ਹੀਰੋਆਂ ਦੇ ਮੱਧ ਦਫ਼ਨਾਯਾ ਗਿਆ।



ਮਹੱਤਵਪੂਰਨ ਤਾਰੀਖਾਂ

1809: ਜਨਮ 4 ਜਨਵਰੀ ਨੂੰ ਫਰਾਂਸ ਦੇ ਕੂਪਰੈ ਪਿੰਡ ਵਿੱਚ।

1812: ਉਸਦੇ ਪਿਤਾ ਦੀ ਦੁਕਾਨ ਵਿੱਚ ਇੱਕ ਹਾਦਸਾ , ਜਿਸ ਵਿੱਚ ਲੂਈ ਅੰਨ੍ਹਾ ਹੋ ਗਿਆ।

1819 : ਨੇਤ੍ਰਹੀਨ ਬੱਚਿਆਂ ਲਈ ਰਾਸ਼ਟਰੀ ਸੰਸਥਾਨ , ਪੈਰਿਸ ਵਿੱਚ ਪੜ੍ਹਾਈ ਸ਼ੁਰੂ ਕੀਤੀ ।

1824 : ਪਹਿਲਾ ਉਭਰਿਆ ਬਿੰਦੀਆਂ ਵਿੱਚ ਅੱਖਰਾਂ ਦਾ ਕੰਮ ਪੂਰਾ ਕੀਤਾ।

1826: ਰਾਸ਼ਟਰੀ ਸੰਸਥਾਨ ਵਿੱਚ ਸਹਾਇਕ ਅਧਿਆਪਕਦੇ ਰੂਪ ਵਿੱਚ ਨਿਯੁਕਤ ਕੀਤੇ ਗਏ ।

1835: ਟੀ . ਬੀ .(ਤਪੈਦੀਕ)ਤਪਦਿਕ ਨਾਲ ਬਿਮਾਰ ਹੋਏ ।

1839 ਰੇਫਿਗ੍ਰਾਫੀ ਦੀ ਕਾਢ ਕੀਤੀ , ਜਿਸ ਵਿੱਚ ਉੱਭਰੇ ਬਿੰਦੂਆਂ ਨਾਲ ਵਰਣਮਾਲਾ ਦੇ ਅੱਖਰ ਬਣਾਏਗਏ , ਤਾਂ ਜੋ ਨੇਤ੍ਰਹੀਨ ਛੇ ਬਿੰਦੀਆਂ ਵਾਲੀ ਸਿਸਟਮ ਤੋਂ ਅਣਜਾਣ ਸਨੇਤ੍ਰ ਲੋਕਾਂ ਲਈ ਲਿਖਕੇ ਵਾਰਤਾ ਕਰ ਸਕਣ।

1852: 6 ਜਨਵਰੀ , ਪੈਰਿਸ ਵਿੱਚ ਮੌਤ।